## ਮੇਰੇ ਬੱਚੇ ਨੂੰ ਸਕੂਲ ਵਿੱਚ ਕਲਾਸਰੂਮ ਵਿੱਚ ਵਾਧੂ ਮਦਦ ਦਿੱਤੀ ਜਾਣੀ ਹੈ।

ਤੁਸੀਂ ਸ਼ਾਇਦ ਬਹੁਤ ਖ਼ੁਸ਼ ਹੋਵੋਗੇ। ਤੁਸੀਂ ਇਸ ਗੱਲ ਦਾ ਪੱਕਾ ਯਕੀਨ ਕਰਨਾ ਚਾਹੋ ਕਿ ਮਦਦ ਜਿੰਨਾ ਵੀ ਹੋ ਸਕੇ ਫਾਇਦੇ ਲਈ ਵਰਤੀ ਜਾਵੇਗੀ। ਇਹ ਕੁਝ ਗੱਲਾਂ ਬਾਰੇ ਸ਼ਾਇਦ ਤੁਸੀਂ ਬੱਚੇ ਦੇ ਸਕੂਲ ਨਾਲ ਗੱਲ ਕਰਨ ਬਾਰੇ ਸੋਚੋਗੇ।

**ਇਸ ਸਪੋਰਟ/ਮਦਦ ਦਾ ਮਕਸਦ ਹੈ ਕਿ:**

- ਇਸ ਗੱਲ ਦਾ ਯਕੀਨ ਕੀਤਾ ਜਾਵੇ ਕਿ ਬੱਚਾ ਮੇਨਸਟਰੀਮ ਸਕੂਲ ਵਿੱਚ ਜਾ ਸਕੇ ਅਤੇ ਪੂਰੀ ਤਰ੍ਹਾਂ ਬਾਕੀ ਬੱਚਿਆਂ ਨਾਲ ਸ਼ਾਮਲ ਹੋ ਸਕੇ।
- ਤੁਹਾਡੇ ਬੱਚੇ ਨੂੰ ਵੀ ਸਿੱਖਣ ਲਈ ਉਹ ਮੌਕੇ ਦਿੱਤੇ ਜਾਣ ਜੋ ਦੂਸਰੇ ਸਾਰੇ ਬੱਚਿਆਂ ਨੂੰ ਮਿਲਦੇ ਹਨ।
- ਇਸ ਗੱਲ ਦਾ ਯਕੀਨ ਹੋਵੇ ਕਿ ਜਿਹੜੇ ਵਿਸ਼ੇ ਸਕੂਲ ਵਿੱਚ ਸਿਖਾਏ ਜਾਂਦੇ ਹਨ ਉਨ੍ਹਾਂ ਸਾਰਿਆਂ ਵਿੱਚ ਤੁਹਾਡਾ ਬੱਚਾ ਹਿੱਸਾ ਲਏ।
- ਤੁਹਾਡੇ ਬੱਚੇ ਨੂੰ ਸਿੱਖਣ ਅਤੇ ਤਰੱਕੀ ਕਰਨ ਵਿੱਚ ਮਦਦ ਮਿਲੇ
- ਤੁਹਾਡੇ ਬੱਚੇ ਦੀ ਮਦਦ ਕਰਨੀ ਕਿ ਉਹ ਆਪਣੇ ਆਪ ਆਜ਼ਾਦੀ ਨਾਲ ਸਿੱਖੇ
- ਉਸ ਸਮੇਂ ਵੱਲ ਕੰਮ ਕਰਨਾ ਜਦੋਂ ਤੁਹਾਡੇ ਬੱਚੇ ਨੇ ਕਾਫ਼ੀ ਤਰੱਕੀ ਕਰ ਲਈ ਹੈ ਅਤੇ ਉਸ ਵਾਸਤੇ ਸਪੋਰਟ ਘਟਾਈ ਜਾ ਸਕੇ ਜਾਂ ਬਿਲਕੁਲ ਸਪੋਰਟ ਦੀ ਲੋੜ ਨਾ ਹੋਵੇ। ਇਸ ਬਾਰੇ ਤੁਹਾਡੇ ਨਾਲ ਰਿਵਿਊ ਮੀਟਿੰਗ ਤੇ ਗੱਲ ਕੀਤੀ ਜਾਵੇਗੀ।

(ਤੁਸੀਂ ਕੋਈ ਵੀ ਹੋਰ ਖਾਸ ਮਕਸਦ ਇਸ ਦੇ ਨਾਲ ਜੋੜ ਸਕਦੇ ਹੋ ਜੋਕਿ ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ ਜ਼ਿਆਦਾ ਜ਼ਰੂਰੀ ਹੋਵੇ)

## ਹੁਣ ਮੇਰੇ ਬੱਚੇ ਨੂੰ ਕੁਝ ਮਦਦ ਦਿੱਤੀ ਜਾ ਰਹੀ ਹੈ ਕੀ ਮੈਂ ਛੇਤੀ ਹੀ ਉਸ ਵਿੱਚ ਕੁਝ ਫ਼ਰਕ ਦੇਖਾਂਗੀ/ਦੇਖਾਂਗਾ?

ਵਾਧੂ ਮਦਦ ਮਿਲਣ ਨਾਲ ਤਰੱਕੀ ਹੋਣੀ ਚਾਹੀਦੀ ਹੈ ਪਰ ਜਿਸ ਤਰੀਕੇ ਨਾਲ ਵਾਧੂ ਮਦਦ ਵਰਤੀ ਜਾਂਦੀ ਹੈ ਉਹ ਜ਼ਿਆਦਾ ਜ਼ਰੂਰੀ ਹੈ। ਇਹ ਸਕੂਲਾਂ ਦੀ ਜ਼ੁਮੇਂਵਾਰੀ ਹੈ ਕਿ ਉਹ ਮਦਦ ਕਿਵੇਂ ਵਰਤਦੇ ਹਨ ਅਤੇ ਉਨ੍ਹਾਂ ਨੂੰ ਤੁਹਾਡੇ ਬੱਚੇ ਲਈ ਇਸ ਦੀ ਚੰਗੀ ਵਰਤੋਂ ਕਰਨੀ ਚਾਹੀਦੀ ਹੈ।

ਸਕੂਲ ਨੂੰ ਇਸ ਬਾਰੇ ਤੁਹਾਡੇ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਕਿ ਨਿਸ਼ਾਨੇ ਪੂਰੇ ਕਰਨ ਵਾਲੀ ਪਲੈਨ ਤੁਹਾਡੇ ਬੱਚੇ ਦੀਆਂ ਜ਼ਰੂਰਤਾਂ ਵਾਲੀ ਏਜੁਕੇਸ਼ਨ ਪਲੈਨ ਵਿੱਚ ਤਹਿ ਕੀਤੀ ਜਾਵੇ ਅਤੇ ਹਰ ਇੱਕ ਨੂੰ ਇਸ ਬਾਰੇ ਸਾਫ਼ ਸਾਫ਼ ਪਤਾ ਹੋਵੇ ਕਿ ਇਹ ਕੀ ਹੈ। ਤੁਹਾਡੇ ਬੱਚੇ ਦੇ ਸਿੱਖਣ ਬਾਰੇ ਉਸ ਦੀ ਕਲਾਸ ਟੀਚਰ ਦੀ ਪੂਰੀ ਜ਼ੁਮੇਂਵਾਰੀ ਹੈ।

**ਇਹ ਕੁਝ ਤਰੀਕੇ ਹਨ ਜਿਸ ਨਾਲ ਟੀਚਿੰਗ ਅਸਿਸਟੈਂਟ ਸਕੂਲ ਵਿੱਚ ਮਦਦ ਕਰ ਸਕਦੇ ਹਨ:**

1. ਟੀਚਿੰਗ ਅਸਿਸਟੈਂਟ ਹੇਠਾਂ ਲਿੱਖੀਆਂ ਗੱਲਾਂ ਕਰਨ ਲਈ ਸਿੱਧਾ ਤੁਹਾਡੇ ਬੱਚੇ ਨਾਲ ਕੰਮ ਕਰ ਸਕਦੇ ਹਨ:

- ਬੱਚੇ ਦੀ ਏਜੁਕੇਸ਼ਨ ਪਲੈਨ ਮੁਤਾਬਿਕ ਕੰਮ ਕਰਕੇ
- ਇਸ ਬਾਰੇ ਪੱਕਾ ਕਰਨਾ ਕਿ ਤੁਹਾਡਾ ਬੱਚਾ ਕਿਰਿਆ ਜਾਂ ਸਬਕ (ਲੈਸਨ) ਸਮਝ ਗਿਆ ਹੈ
- ਤੁਹਾਡਾ ਬੱਚਾ ਜੇ ਕੋਈ ਕੰਮ ਔਖਾ ਸਮਝਦਾ ਹੈ ਤਾਂ ਉਸ ਨੂੰ ਦਿਖਾਉਣਾ ਕਿ ਕਿਵੇਂ ਕਰਨਾ ਹੈ
- ਇਸ ਗੱਲ ਦਾ ਯਕੀਨ ਕਰਨਾ ਕਿ ਤੁਹਾਡਾ ਬੱਚਾ ਕਲਾਸ ਦੀ ਕਿਰਿਆ ਵਿੱਚ ਹਿੱਸਾ ਲਏ ਮਿਸਾਲ ਦੇ ਤੌਰ ਤੇ ਪੀ. ਈ. (ਸਰੀਰਕ ਏਜੁਕੇਸ਼ਨ) ਜਾਂ ਕਹਾਣੀ ਸੁਨਣੀ
- ਜੇ ਤੁਹਾਡੇ ਬੱਚੇ ਦੀਆਂ ਸਰੀਰਕ ਮੁਸ਼ਕਲਾਂ ਹਨ ਤਾਂ ਉਸ ਦੀ ਮਦਦ ਕਰਨੀ ਮਿਸਾਲ ਦੇ ਤੌਰ ਤੇ ਹਿਲਣ ਜੁਲਣ, ਟਾਇਲਟ ਜਾਣ, ਕਪੜੇ ਪਾਉਣ ਅਤੇ ਸਕੂਲ ਵਿੱਚ ਇੱਕ ਥਾਂ ਤੋਂ ਦੂਸਰੀ ਥਾਂ ਜਾਣ
- ਤੁਹਾਡੇ ਬੱਚੇ ਨਾਲ ਛੋਟੇ ਗਰੁੱਪ ਵਿੱਚ ਜਾਂ ਉਸ ਦੇ ਨਾਲ ਇੱਕ ਜਾਂ ਹੋਰ ਬੱਚੇ ਸ਼ਾਮਲ ਕਰਕੇ ਕੰਮ ਕਰਨਾ।

2. **ਟੀਚਿੰਗ ਅਸਿਸਟੈਂਟ ਤੁਹਾਡੇ ਬੱਚੇ ਨਾਲ ਸਿੱਧੇ ਸ਼ਾਮਲ ਨਾ ਵੀ ਹੋਕੇ ਮਦਦ ਕਰ ਸਕਦੇ ਹਨ**

- ਤੁਹਾਡੇ ਬੱਚੇ ਦੀ ਮਦਦ ਕਰਨੀ ਕਿ ਉਹ ਕਲਾਸ ਵਿੱਚ ਗਰੁੱਪ ਦਾ ਇੱਕ ਹਿੱਸਾ ਹੋਣ
- ਸਾਜ਼ੋਸਮਾਨ ਅਤੇ ਹੋਰ ਸਮਾਨ/ਚੀਜ਼ਾਂ ਤਿਆਰ ਕਰਨੀਆਂ
- ਤੁਹਾਡੇ ਬੱਚੇ ਲਈ ਸਮਾਨ/ਚੀਜ਼ਾਂ ਵਿੱਚ ਅਦਲਾ ਬਦਲੀ ਲਿਆਉਣੀ ਮਿਸਾਲ ਦੇ ਤੌਰ ਤੇ ਜੇ ਟੀਚਰ ਮਹਿਸੂਸ ਕਰੇ ਕਿ ਵਰਕਸ਼ੀਟ ਬੱਚੇ ਲਈ ਜ਼ਿਆਦਾ ਔਖੀ ਹੈ ਤਾਂ ਉਹ ਸੌਖੀ ਬਣਾਉਣੀ
- ਰਿਕਾਰਡ ਰੱਖਣੇ
- ਕਲਾਸ ਵਿੱਚ ਬੱਚੇ ਨੂੰ ਦੇਖਣਾ/ਨਿਗਰਾਨੀ ਰੱਖਣੀ
- ਤੁਹਾਡੇ ਬੱਚੇ ਨਾਲ ਢੁੱਕਦੇ ਤਰੀਕੇ ਨਾਲ ਰਲਣ ਮਿਲਣ ਲਈ ਦੂਸਰੇ ਬੱਚਿਆਂ ਦੀ ਮਦਦ ਕਰਨੀ
- ਜਦੋਂ ਟੀਚਰ ਤੁਹਾਡੇ ਬੱਚੇ ਨਾਲ ਕੰਮ ਕਰਦਾ ਹੈ ਤਾਂ ਦੂਸਰੇ ਬੱਚਿਆਂ ਨਾਲ ਕੰਮ ਕਰਨਾ (ਮਿਸਾਲ ਦੇ ਤੌਰ ਤੇ, ਕਹਾਣੀ ਪੜ੍ਹਨੀ)
- ਤੁਹਾਡੇ ਨਾਲ ਕੰਮ ਕਰਨਾ

3. **ਟੀਚਿੰਗ ਅਸਿਸਟੈਂਟ, ਟੀਚਰ ਜਾਂ ਸਟਾਫ਼ ਦੇ ਦੂਸਰੇ ਮੈਂਬਰਾਂ ਨਾਲ ਵੀ ਹੇਠਾਂ ਲਿੱਖੀਆਂ ਚੀਜ਼ਾਂ ਕਰਕੇ ਕੰਮ ਕਰ ਸਕਦਾ ਹੈ:**

- ਟੀਚਿੰਗ (ਸਿਖਾਲਣ ਵਾਲੇ) ਪ੍ਰੋਗਰਾਮਾਂ ਦੀ ਪਲੈਨ ਕਰਨ ਲਈ
- ਚੈੱਕਲਿਸਟ ਜਾਂ ਅਸੈਸਮੈਂਟ ਪੂਰੀ ਕਰਨੀ
- ਤੁਹਾਡੇ ਨਾਲ ਅਤੇ ਪ੍ਰੋਫੈਸ਼ਨਲਾਂ ਨਾਲ ਗੱਲ ਕਰਨੀ
- ਰਿਵਿਊ ਮੀਟਿੰਗ ਤੇ ਜਾਣਾ

## ਕੀ ਇਹ ਬਿਹਤਰ ਹੋਵੇਗਾ ਕਿ ਜੇ ਮੇਰੇ ਬੱਚੇ ਨੂੰ ਇਕੱਲੇ ਨੂੰ ਪੂਰੇ ਸਮੇਂ ਵਾਸਤੇ ਸਪੋਰਟ/ਮਦਦ ਮਿਲੇ?

ਅਸਲ ਵਿੱਚ ਨਹੀਂ। ਬਹੁਤ ਘੱਟ ਹੀ ਬੱਚਿਆਂ ਨੂੰ ਇਸ ਦੀ ਲੋੜ ਹੁੰਦੀ ਹੈ। ਇਸ ਦੇ ਕਈ ਪ੍ਰਤੱਖ ਫਾਇਦੇ ਹਨ ਪਰ ਇਕੱਲੇ ਇਕੱਲੇ ਦੀ ਮਦਦ ਦੇ ਕਈ ਨੁਕਸਾਨ ਵੀ ਹੋ ਸਕਦੇ ਹਨ ਮਿਸਾਲ ਦੇ ਤੌਰ:

- ਬੱਚੇ ਇਕੱਲੇ ਰਹਿ ਸਕਦੇ ਹਨ ਜਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ 'ਵੱਖਰੇ' ਹਨ।
- ਇਸ ਨਾਲ ਸਮਾਜਕ ਰੁਕਾਵਟ ਪੈਦਾ ਹੋ ਜਾਂਦੀ ਹੈ ਇਸ ਲਈ ਇਕੱਲੇ ਇਕੱਲੇ ਵਾਲੀ ਮਦਦ ਵਾਲਾ ਬੱਚਾ ਦੂਸਰੇ ਬੱਚਿਆਂ ਨਾਲ ਬਹੁਤ ਘੱਟ ਹੀ ਸ਼ਾਮਲ ਹੁੰਦਾ ਹੈ।
- ਇਹ ਬੱਚਾ ਬਹੁਤ ਜ਼ਿਆਦਾ ਦੂਸਰੇ ਦੀ ਮਦਦ ਤੇ ਨਿਰਭਰ ਹੋ ਜਾਂਦਾ ਹੈ
- ਇਸ ਨਾਲ ਬੱਚੇ ਦਾ ਕਲਾਸ ਟੀਚਰ ਅਤੇ ਦੂਸਰੇ ਬੱਚਿਆਂ ਨਾਲ ਸਿੱਧਾ ਸੰਪਰਕ ਕਰਨ ਵਿੱਚ ਰੁਕਾਵਟ ਹੋ ਸਕਦੀ ਹੈ। ਬੱਚਿਆਂ ਨੂੰ ਵੱਖ ਵੱਖ ਲੋਕਾਂ ਨਾਲ ਮੇਲਜੋਲ ਕਰਨਾ ਸਿੱਖਣ ਦੀ ਲੋੜ ਹੁੰਦੀ ਹੈ।

## ਕੁਝ ਬੱਚੇ ਸਪੋਰਟ/ਮਦਦ ਸਾਂਝੀ ਲੈਂਦੇ ਹਨ–ਇਹ ਕਿਸ ਤਰ੍ਹਾਂ ਕੰਮ ਕਰਦੀ ਹੈ?

ਇਕੱਲੇ ਇਕੱਲੇ ਨਾਲ ਕੰਮ ਕਰਨ ਨਾਲੋਂ ਕਿਸੇ ਦੂਸਰੇ ਬੱਚੇ ਅਤੇ ਬਾਲਗ ਨਾਲ ਕੰਮ ਕਰਨਾ ਅਕਸਰ ਜ਼ਿਆਦਾ ਅਸਰਦਾਇਕ ਹੁੰਦਾ ਹੈ। ਮਿਸਾਲ ਦੇ ਤੌਰ ਤੇ ਜੇ ਦੋ ਬੱਚਿਆਂ ਲਈ ਸਕੂਲ ਜਾਂ ਕਲਾਸ ਵਿੱਚ ਪੰਜ ਘੰਟੇ ਹਰ ਇੱਕ ਲਈ ਬੰਨੇ ਹੋਏ ਹੋਣ ਤਾਂ ਉਨ੍ਹਾਂ ਨੂੰ ਇਕੱਠੇ ਕਰਕੇ ਉਹ ਦੱਸ ਘੰਟੇ ਤੱਕ ਦੀ ਸਪੋਰਟ ਲੈ ਸਕਦੇ ਹਨ ਜਿੱਥੇ ਵਾਧੂ ਮਦਦ ਪਹਿਲਾਂ ਹੀ ਬੱਝਵੀਂ ਮਿਲਦੀ ਹੈ।

## ਮੈਂ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?

ਤੁਸੀਂ ਕਲਾਸ ਟੀਚਰ ਨਾਲ ਮੇਲਜੋਲ ਕਾਇਮ ਰੱਖਕੇ ਮਦਦ ਕਰ ਸਕਦੇ ਹੋ।

ਤੁਸੀਂ ਆਪਣੇ ਬੱਚੇ ਦੀ ਖਾਸ ਏਜੁਕੇਸ਼ਨ ਪਲੈਨ ਬਾਰੇ ਗੱਲ ਕਰਨ ਲਈ ਰਿਵਿਊ ਤੇ ਜਾ ਸਕਦੇ ਹੋ ਅਤੇ ਆਪਣੇ ਵਿਚਾਰ ਦੇਕੇ ਕਿ ਤੁਹਾਡਾ ਬੱਚਾ ਇਸ ਨਾਲ ਕਿਵੇਂ ਜਾ ਰਿਹਾ ਹੈ। (ਸਕੂਲ ਤੁਹਾਡੇ ਬੱਚੇ ਦੀ ਸਰਸਰੀ ਤਰੱਕੀ ਨੂੰ ਦੇਖਣ ਲਈ ਉਸ ਦੇ ਇੱਕ ਹਿੱਸੇ ਦੇ ਤੌਰ ਤੇ ਤੁਹਾਡੇ ਵਿਚਾਰਾਂ ਦੀ ਕਦਰ ਕਰੇਗਾ)

ਤੁਸੀਂ ਘਰ ਵਿੱਚ ਕੁਝ ਚੀਜ਼ਾਂ ਕਰਕੇ ਮਦਦ ਕਰ ਸਕਦੇ ਹੋ ਮਿਸਾਲ ਦੇ ਤੌਰ ਤੇ ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਓ ਅਤੇ ਜੋ ਬੱਚਾ ਕਰ ਰਿਹਾ ਹੈ ਉਸ ਬਾਰੇ ਗੱਲਾਂ ਕਰੋ।

ਜੇ ਕੋਈ ਤਬਦੀਲੀ ਲਿਆਂਦੀ ਗਈ ਹੈ ਜਿਸ ਬਾਰੇ ਤੁਹਾਨੂੰ ਸਮਝ ਨਹੀਂ ਆਈ ਤਾਂ ਸਕੂਲ ਨਾਲ ਜ਼ਰੂਰ ਗੱਲ ਕਰੋ।

## ਜੇ ਮੇਰੇ ਬੱਚੇ ਦੀ ਟੀਚਿੰਗ ਅਸਿਸਟੈਂਟ ਬੀਮਾਰੀ ਕਾਰਣ ਛੁੱਟੀ ਤੇ ਹੈ ਤਾਂ ਫਿਰ ਕੀ ਹੈ?

ਕਿਸੇ ਹੋਰ ਬੰਦੋਬਸਤ ਕਰਨ ਲਈ ਸਕੂਲ ਦੀ ਜੁਮੇਂਵਾਰੀ ਹੈ ਅਤੇ ਉਨ੍ਹਾਂ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਉਹ ਬੰਦੋਬਸਤ ਕੀ ਹੈ। ਸਕੂਲ ਨੂੰ ਤੁਹਾਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਤੁਸੀਂ ਬੱਚੇ ਦੀ ਛੁੱਟੀ ਕਰਵਾਓ।

## ਸਕੂਲ ਜਾਂ ਕਲਾਸ ਵਿੱਚ ਦੂਸਰੇ ਬੱਚਿਆਂ ਬਾਰੇ ਕੀ ਹੈ?

ਬੱਚੇ ਅਕਸਰ ਇੱਕ ਦੂਸਰੇ ਦੀ ਮਦਦ ਕਰਦੇ ਹਨ ਅਤੇ ਸਾਰੇ ਬੱਚਿਆਂ ਨੂੰ ਇਸ ਨਾਲ ਫਾਇਦਾ ਹੁੰਦਾ ਹੈ ਕਿ ਮਦਦ ਕਿਵੇਂ ਕਰਨੀ ਹੈ ਅਤੇ ਮਦਦ ਕਿਵੇਂ ਕਰਵਾਉਣੀ ਹੈ।
ਸਕੂਲ ਦੇ ਸਾਰੇ ਬੱਚਿਆਂ ਲਈ ਸਕੂਲ ਜ਼ੁਮੇਂਵਾਰ ਹੈ। ਫਿਰ ਵੀ ਜ਼ਾਹਿਰ ਹੈ ਕਿ ਮਾਪੇ ਹੋਣ ਦੇ ਨਾਤੇ ਤੁਸੀਂ ਆਪਣੇ ਬੱਚੇ ਦੇ ਹਿੱਤ ਲਈ ਫਿਕਰ ਕਰਦੇ ਹੋ। ਜੇ ਤੁਹਾਨੂੰ ਇਸ ਬਾਰੇ ਫ਼ਿਕਰ ਹੈ ਕਿ ਤੁਹਾਡੇ ਬੱਚੇ ਨੂੰ ਸਕੂਲ ਕਿਤਨੀ ਕੁ ਤਵੱਜੋਂ ਦਿੰਦਾ ਹੈ ਤਾਂ ਸਕੂਲ ਨਾਲ ਗੱਲ ਕਰੋ।

## ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

ਅਸੀਂ ਵਲੰਟਰੀ ਸੈਕਟਰ ਤੇ ਆਧਾਰਿਤ ਹਾਂ ਅਤੇ ਫੈਮਿਲੀ ਵੇਲਫੇਅਰ (ਪਰਿਵਾਰ ਦੀ ਭਲਾਈ) ਏਸੋਸੀਏਸ਼ਨ ਦੀ ਹਿਮਾਇਤ ਮਿਲਦੀ ਹੈ ਅਤੇ ਨੌਟਿੰਘਮ ਸਿਟੀ ਕਾਉਂਸਲ ਅਤੇ ਨੌਟਿੰਘਮ ਕਾਉਂਟੀ ਕਾਉਂਸਲ ਵਲੋਂ ਫੰਡ ਮਿਲਦਾ ਹੈ।

ਪੇਰੇਂਟ ਪਾਰਟਨਰਸ਼ਿੱਪ ਸਰਵਿਸ (ਮਾਪਿਆਂ ਨਾਲ ਸਾਂਝਦਾਰੀ)
ਸੁਈਟ 5 ਕਲੇਰੇਨਡਨ ਚੈਂਮਬਰਸ
Parent Partnership Service
Suite 5 Clarendon Chambers
32 Clarendon Street
Nottingham NG1 5LN
ਫੋਨ, ਫੈਕਸ ਜਾਂ ਮਿਨੀਕਮ: 0115 948 2888
ਇਹ ਨੰਬਰ ਸਿਟੀ ਅਤੇ ਕਾਉਂਟੀ ਦੇ ਮਾਪਿਆਂ ਲਈ ਹੈ।
ਈਮੇਲ: enquiries@ppsnotts.org.uk
ਵੇੱਬਸਾਈਟ: www.ppsnotts.org.uk

Panjabi

**ਮੇਨ ਸਟਰੀਮ (ਸਰਕਾਰੀ) ਸਕੂਲਾਂ ਵਿੱਚ
ਸਪੈਸ਼ਲ ਏਜੁਕੇਸ਼ਨ ਨੀਡਜ਼
ਅਤੇ ਡਿਸਏਬਿਲਟੀਜ਼ ਵਾਲੇ
ਬੱਚਿਆਂ ਦੀ
ਸਪੋਰਟ/ਮਦਦ ਕਰਨੀ**

# ਇੱਕ ਵਾਧੂ ਵਿਅਕਤੀ ਦੀ ਮਦਦ ਦੇਣੀ

# An extra pair of hands

ਇਹ ਪਰਚਾ ਸਪੈਸ਼ਲ ਏਜੁਕੇਸ਼ਨਲ ਨੀਡਜ਼ (ਖਾਸ ਵਿਦਿਅਕ ਲੋੜਾਂ) ਪੂਰੀਆਂ ਕਰਨ ਲਈ ਬੱਚਿਆਂ ਨਾਲ ਸਕੂਲਾਂ ਵਿੱਚ ਕੰਮ ਕਰਨ ਵਾਲੇ ਟੀਚਿੰਗ ਅਸਿਸਟੈਂਟ (ਸਿਖਾਉਣ ਵਿੱਚ ਟੀਚਰਾਂ ਦੀ ਮਦਦ ਕਰਨ) ਬਾਰੇ ਹੈ।